# ਪੰਜਾਬ ਸਕੂਲ ਸਿੱਖਿਆ ਬੋਰਡ
## ਰੀਵੈਲੂਏਸ਼ਨ ਸਬੰਧੀ ਵਿਨਿਯਮ ਅਤੇ ਹਦਾਇਤਾਂ

1. ਰੀਵੈਲੂਏਸ਼ਨ ਕੇਵਲ ਲਿਖਤੀ ਪੇਪਰਾਂ (Theory Papers) ਦੀ ਹੋਵੇਗੀ ਅਤੇ ਪ੍ਰਯੋਗੀ ਪੇਪਰਾਂ(Practical Papers) ਦੀ ਰੀਵੈਲੂਏਸ਼ਨ ਨਹੀਂ ਹੋਵੇਗੀ।

2. ਬੋਰਡ ਵੱਲੋਂ ਨਤੀਜਾ ਘੋਸ਼ਿਤ ਕੀਤੇ ਜਾਣ ਤੋਂ ਬਾਅਦ, ਰੀਵੈਲੂਏਸ਼ਨ/ਮੁੜ ਮੁਲਾਂਕਣ ਦੀ ਫੀਸ ਅਤੇ ਫਾਰਮ ਆਨਲਾਈਨ ਭਰਿਆ ਜਾਵੇ। ਪ੍ਰੀਖਿਆਰਥੀ ਆਨ-ਲਾਈਨ ਫਾਰਮ ਅਤੇ ਫੀਸ ਭਰਨ ਉਪਰੰਤ ਉਸ ਦਾ ਪ੍ਰਿੰਟ ਆਪਣੇ ਪਾਸ ਰੱਖੇਗਾ। ਜਾਰੀ ਕੀਤੇ ਸ਼ਡਿਊਲ ਵਿੱਚ ਦਰਜ ਮਿਤੀਆਂ ਤੋਂ ਬਾਅਦ ਕੋਈ ਵੀ ਫਾਰਮ ਸਵਿਕਾਰ ਨਹੀਂ ਕੀਤਾ ਜਾਵੇਗਾ।

3. ਨਿਰਧਾਰਿਤ ਕੀਤੀ ਰੀਵੈਲੂਏਸ਼ਨ ਦੀ ਫੀਸ ਤੋਂ ਬਿਨ੍ਹਾਂ ਅਧੂਰੇ ਫਾਰਮਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਬਲਕਿ ਅਜਿਹੇ ਫਾਰਮ ਬਿਨਾਂ ਕਿਸੇ ਅਗਾਊਂ ਸੂਚਨਾ ਤੋਂ ਰੱਦ ਕੀਤੇ ਜਾਣਗੇ। ਰੀਵੈਲੂਏਸ਼ਨ ਦੀ ਜਮ੍ਹਾਂ ਕਰਵਾਈ ਫੀਸ ਕਿਸੇ ਵੀ ਸੂਰਤ ਵਿੱਚ ਵਾਪਿਸ/ਐਡਜਸਟ (Refund/Adjust) ਨਹੀਂ ਹੋਵੇਗੀ।

| | |
|---|---|
| ਰੀਵੈਲੂਏਸ਼ਨ ਫੀਸ | 700/-ਰੁ: ਪ੍ਰਤੀ ਉੱਤਰ-ਪੱਤਰੀ |
| ਉੱਤਰ-ਪੱਤਰੀ ਵੇਖਣ/ਫੋਟੋਕਾਪੀ ਦਸਤੀ ਪ੍ਰਾਪਤ ਕਰਨ ਦੀ ਪ੍ਰੋਸੈਸਿੰਗ ਫੀਸ | 300/-ਰੁ: ਅਤੇ 2/-ਰੁ: ਪ੍ਰਤੀ ਫੋਟੋਸਟੇਟ ਕਾਪੀ। |

4. ਮੁੜ ਮੁਲਾਂਕਣ ਕੀਤੀਆਂ ਉੱਤਰ-ਪੱਤਰੀਆਂ ਦੇ ਨਤੀਜੇ ਵਿੱਚ ਸੋਧ ਕੀਤੀ ਜਾਵੇਗੀ ਭਾਵ ਜੇ ਅੰਕ ਵੱਧ ਜਾਂਦੇ ਹਨ ਤਾਂ ਵੱਧ ਅੰਕਾਂ ਅਨੁਸਾਰ ਜੇ ਅੰਕ ਘੱਟ ਜਾਂਦੇ ਹਨ ਤਾਂ ਘੱਟ ਅੰਕਾਂ ਅਨੁਸਾਰ ਨਤੀਜਾ ਸੋਧਿਆ ਜਾਵੇਗਾ। ਰੀਵੈਲੂਏਸ਼ਨ/ਮੁੜ ਮੁਲਾਂਕਣ ਉਪਰੰਤ ਘੋਸ਼ਿਤ ਨਤੀਜਾ, ਅੰਤਿਮ ਨਤੀਜਾ ਹੋਵੇਗਾ।

5. ਜੇਕਰ ਮੁੜ ਮੁਲਾਂਕਣ ਦੌਰਾਨ 10% ਤੋਂ ਵੱਧ ਅੰਕਾਂ ਦੀ ਤਬਦੀਲੀ ਹੁੰਦੀ ਹੈ ਤਾਂ ਕੇਸ ਤੀਜੇ ਪ੍ਰੀਖਿਅਕ ਕੋਲ ਭੇਜਿਆ ਜਾਵੇਗਾ ਅਤੇ ਦੂਜੇ ਅਤੇ ਤੀਸਰੇ ਪ੍ਰੀਖਿਅਕ ਵੱਲੋਂ ਦਿੱਤੇ ਗਏ ਅੰਕਾਂ ਦੀ ਔਸਤ ਅਨੁਸਾਰ ਨਤੀਜਾ ਜੋ ਵੀ ਬਣੇ, ਉਸ ਤਰ੍ਹਾਂ ਐਲਾਨ ਕਰ ਦਿੱਤਾ ਜਾਵੇ।

6. ਜੇਕਰ ਰੀਵੈਲੂਏਸ਼ਨ ਉਪਰੰਤ ਉੱਤਰ-ਪੱਤਰੀ ਦੀ ਫੋਟੋਕਾਪੀ ਲੈਣੀ ਹੈ ਤਾਂ ਵਾਧੂ ਹੋਰ ਸਮਾਂ ਨਹੀਂ ਦਿੱਤਾ ਜਾਵੇਗਾ ਅਤੇ ਪਹਿਲਾਂ ਦਿੱਤੇ ਨਿਰਧਾਰਿਤ ਮਿਤੀਆਂ/ਸ਼ਡਿਊਲ ਅਨੁਸਾਰ ਹੀ ਅਪਲਾਈ ਕਰਨਾ ਪਵੇਗਾ।

7. ਰੀਵੈਲੂਏਸ਼ਨ ਦੇ ਨਤੀਜੇ ਦੀ ਜਾਣਕਾਰੀ ਆਨਲਾਈਨ ਬੋਰਡ ਦੀ ਵੈਬਸਾਈਟ ਤੇ ਦਿੱਤੀ ਜਾਵੇਗੀ। ਜੇਕਰ ਸੋਧ ਹੁੰਦੀ ਹੈ ਤਾਂ ਇਸ ਸਬੰਧੀ ਅਗਲੇਰੀ ਕਾਰਵਾਈ ਬੋਰਡ ਦੀ ਪ੍ਰੀਖਿਆ ਸ਼ਾਖਾ ਵੱਲੋਂ ਕਰਵਾਈ ਜਾਵੇਗੀ ਅਤੇ ਪ੍ਰੀਖਿਆਰਥੀ ਨੂੰ ਸਬੰਧਤ ਪ੍ਰੀਖਿਆ ਸ਼ਾਖਾ ਨਾਲ ਸੰਪਰਕ ਕਰਦੇ ਹੋਏ ਆਪਣਾ ਪੁਰਾਣਾ ਨਤੀਜਾ ਕਾਰਡ/ਸਰਟੀਫਿਕੇਟ ਜਮ੍ਹਾਂ ਕਰਵਾ ਕੇ ਨਵਾਂ ਕਾਰਡ/ਸਰਟੀਫਿਕੇਟ ਪ੍ਰਾਪਤ ਕਰਨਾ ਪਵੇਗਾ। ਇਸ ਲਈ ਅਸਲ ਨਤੀਜਾ ਕਾਰਡ ਦੀ ਜਦੋਂ ਮੰਗ ਕੀਤੀ ਜਾਵੇ ਤਾਂ ਹੀ ਭੇਜਿਆ ਜਾਵੇ।